Total Pages : 4

# PC-724/MH

**BS/2051**

PUNJABI COMPULSORY–A
(Semester–IV)

Time : Three Hours] [Maximum Marks : 75

## ਭਾਗ–ੳ

I. ਕਿਸੇ **ਇੱਕ** ਕਵਿਤਾ ਦਾ ਵਿਸ਼ਾ ਵਸਤੂ ਲਿਖੋ :

(ੳ) ਫੇਰ ਪਾਰੋਂ ਨੇ ਕਿਹਾ।

(ਅ) ਭਾਣਜੇ ਦੀ ਵਲੈਤ ਫੇਰੀ।

(ੲ) ਖ਼ਤਾਂ ਦੀ ਉਡੀਕ। (1×12=12)

II. ਹੇਠਾਂ ਦਿੱਤੇ ਕਾਵਿ ਟੋਟਿਆਂ ਵਿੱਚੋਂ ਕਿਸੇ **ਦੋ** ਕਾਵਿ ਟੋਟੇ ਦੀ ਪ੍ਰਸ਼ੰਗ ਸਹਿਤ ਵਿਆਖਿਆ ਕਰੋ :

(ੳ) ਅਟਕਣਾ ਨ ਕੰਮ ਮੇਰਾ
ਅਟਕਿਆ ਸੋ ਮਰਿਆ ਹੈ,
ਅਟਕ ਨਾਮ ਮੌਤ ਦਾ ਹੈ,
ਕੋਈ ਅਟਕ ਦਾ ਨਹੀਂ।

(ਅ) ਹੇ ਗੌਤਮ !

ਮੈਨੂੰ ਕੀ ਪਤਾ ਸੀ

ਰਾਤ ਦੇ ਹਨੇਰੇ ਦਾ ਜਸ਼ਨ

ਮੇਰੇ ਲਈ ਸਰਾਪ ਬਣ ਜਾਣਾ ਸੀ।

(ੲ) ਸੁਹਣਿਆ! ਮੁੱਲ ਪਾ ਤੂੰ ਆਪਣਾ,

ਵੱਧ ਥੀਂ ਹੋਰ ਹਾਲੀ ਬਹੂੰ ਸਾਰਾ

ਹੋਰ ਹਾਲੀ ਬਹੂੰ ਸਾਰਾ, ਹੋਰ ਵੀ ਹੋਰ

ਤੇਰਾ ਮੁੱਲ ਕੋਈ ਨਾਂਹ,

ਤੂੰ ਕੀਤਾਂ ਥੀਂ ਪਰੇ,

ਉਹ ਯੁਸਫਾ ਦੇ ਸ਼ੁਸਫਾ!

(ਸ) ਹੌਲੀ ਹੌਲੀ

ਕੁਸਲਾਉਣ ਲੱਗੀ ਮਾਂ ਦੀ ਮਮਤਾ

ਹੌਲੀ ਹੌਲੀ

ਪਥਰਾਉਣ ਲੱਗੇ ਮਾਂ ਦੇ ਚਾਅ

ਰੁਲਣ ਲੱਗੀ

ਮਾਂ ਦੀ ਗੀਤਾਂ ਵਾਲੀ ਕਾਪੀ

ਬਿਖਰਨ ਲੱਗੀਆਂ

ਗੀਤਾਂ ਦੀਆਂ ਸਤਰਾਂ। (2×6=12)

## ਭਾਗ-ਅ

III. ਤੁਹਾਡੇ ਕਾਲਜ ਵਿੱਚ ਸਲਾਨਾ ਖੇਡ ਸਮਾਗਮ ਹੋਇਆ ਹੈ ਇਸਦੀ ਰਿਪੋਰਟ ਟ੍ਰਿਬਿਊਨ ਅਖ਼ਬਾਰ ਨੂੰ ਲਿਖ ਕੇ ਭੇਜੋ।

ਜਾਂ

ਤੁਹਾਡੇ ਕਾਲਜ ਵਿੱਚ ਪੁਸਤਕ ਮੇਲਾ ਲਗਿਆ ਸੀ। ਉਸ ਬਾਰੇ ਆਪਣੇ ਵਿਚਾਰ ਲਿਖ ਕੇ ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਭੇਜੋ।

ਜਾਂ

ਤੁਹਾਡੇ ਇਲਾਕਸ ਵਿੱਚ ਬਿਜਲੀ ਦਾ ਬਹੁਤ ਮਾੜਾ ਪ੍ਰਬੰਧ ਹੈ ਇਸ ਬਾਰੇ ਅਖ਼ਬਾਰ ਦੇ ਸੰਪਾਦਕ ਨੂੰ ਰਿਪੋਰਟ ਲਿਖੋ। (1×9=9)

IV. ਕੋਈ **ਇੱਕ** ਪ੍ਰਸ਼ਨ ਕਰੋ :

(ੳ) ਲਿਪੀ ਦੀ ਪਰਿਭਾਸ਼ਾ ਦਿੰਦੇ ਹੋਏ ਗੁਰਮੁਖੀ ਲਿਪੀ ਦੀਆ ਵਿਸ਼ੇਸ਼ਤਾਈਆਂ ਦੱਸੋ।

(ਅ) ਸ਼ਬਦ ਦੀ ਪਰਿਭਾਸ਼ਾ ਦਿੰਦੇ ਹੋਏ ਸ਼ਬਦ ਜੋੜਾਂ ਦੇ ਨਿਯਮਾਂ ਉੱਪਰ ਚਾਨਣਾ ਪਾਓ? (1×12=12)

## ਭਾਗ-ੲ

V. ਸਾਰੇ ਪ੍ਰਸ਼ਨ ਲਾਜ਼ਮੀ ਹਨ।

(a) ਕਵੀ ਅਨੁਸਾਰ ਅਟਕ ਤੋਂ ਕੀ ਭਾਵ ਹੈ?

(b) ਕਵੀ ਨੌਜਵਾਨਾਂ ਨੂੰ ਆਪਣਾ ਮੁੱਲ ਪਾਉਣ ਲਈ ਕਿਉਂ ਕਿਹੰਦਾ ਹੈ?

(c) ਨਾਇਕਾ ਅੰਬੀ ਦਾ ਬੂਟਾ ਕਿਉਂ ਵੱਢਣਾ ਚਾਹੁੰਦੀ ਹੈ?

(d) ਕਵਿੱਤਰੀ ਦਾ ਭਾਰਤੀ ਨਾਰੀ ਪ੍ਰਤੀ ਕੀ ਦ੍ਰਿਸ਼ਟੀਕੋਣ ਹੈ?

(e) ਸੀਸ ਕੁਰਬਾਨ ਕਰਨ ਦੀ ਮੰਗ ਕੌਣ ਕਰ ਰਿਹਾ ਹੈ ਤੇ ਕਿਉਂ?

(f) ਕਵੀ ਅਫਸਰਾਂ ਤੇ ਲੀਡਰਾਂ ਦੇ ਚਰਿੱਤਰ ਬਾਰੇ ਕੀ ਕਹਿੰਦਾ ਹੈ?

(g) 'ਬਲੇਕ ਬਾਅ....' ਕਵਿਤਾ ਦਾ ਕੇਂਦਰੀ ਭਾਵ ਲਿਖੋ।

(h) ਐੱਨ.ਆਰ.ਆਈ. ਲਈ ਇੰਡੀਆ ਨਰਕ ਕਿਉਂ ਹੈ?

(i) 'ਮੈਂ ਸਮਾਂ ਹਾਂ' ਕਵਿਤਾ ਵਿੱਚ ਕਵੀ ਦੇ ਕੁਦਰਤ ਬਾਰੇ ਕੀ ਪ੍ਰਤੀਕਰਮ ਹਨ?

(j) ਮਾਂ ਦੀਆਂ ਕਿਹੜੀਆਂ ਗੱਲਾਂ ਕਵਿੱਤਰੀ ਨੂੰ ਗੁਨਾਹ ਜਾਪਦੀਆਂ ਹਨ?

(k) ਗੁਰਮੁਖੀ ਦੇ ਅੱਖਰ ਕਿਸ-ਕਿਸ ਲਿਪੀ ਨਾਲ ਮਿਲਦੇ ਹਨ?

(l) ਬੋਲੀ ਤੇ ਲਿਪੀ ਦਾ ਕੀ ਸਬੰਧ ਹੈ?

(m) ਪੰਜਾਬੀ ਵਿਚ ਬਿੰਦੀ ਅਤੇ ਟਿੱਪੀ ਦੀ ਵਰਤੋਂ ਸਬੰਧੀ ਉਦਾਹਰਣਾਂ ਸਹਿਤ ਚਰਚਾ ਕਰੋ।

(n) ਲਗਾਂ-ਮਾਤਰਾਂ ਕੀ ਹੁੰਦੀਆਂ ਹਨ?

(o) ਗੁਰਮੁਖੀ ਲਿਪੀ ਦੇ ਜਿਹੜੇ ਅੱਖਰ ਪੈਰ ਵਿੱਚ ਲਿਖੇ ਜਾਂਦੇ ਹਨ ਉਨ੍ਹਾਂ ਦੀ ਵਰਤੋਂ ਕਰਕੇ ਇੱਕ ਇੱਕ ਸ਼ਬਦ ਲਿਖੋ।

(15×2=30)

---